
ਗੁਰਮਤਿ ਪ੍ਰਕਾਸ਼
ਦਸੰਬਰ ੨੦੦੨
ਸੌਂ ਧਰਤੀ ਸਰਹਿੰਦ ਦੀ...
ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਪਰੰਤ
ਮਾਤਾ ਗੁਜਰੀ ਜੀ ਵੀ ਅਕਾਲੀ ਜੋਤ ਵਿਚ ਲੀਨ ਹੋ ਗਏ!

# ਗੁਰਮਤਿ ਵਿਚਾਰਧਾਰਾ ਦੇ ਪ੍ਰਸਾਰ ਲਈ ਗੁਰਸਿੱਖਾਂ ਨੂੰ ਹੀ ਰੋਲ ਮਾਡਲ ਬਣ ਕੇ ਅੱਗੇ ਆਣਾ ਪਵੇਗਾ!

*ਗਿਆਨੀ ਧਰਮ ਸਿੰਘ (ਨਿਹੰਗ ਸਿੰਘ)**

*ਅੱਜ ਸੰਸਾਰ ਅੰਦਰ ਅੱਤਵਾਦ ਜਿਹੀਆਂ ਸਮੱਸਿਆਵਾਂ ਕੇਵਲ ਇਸ ਲਈ ਪੈਦਾ ਹੋ ਗਈਆਂ ਹਨ, ਕਿਉਂਕਿ ਸੰਸਾਰ ਵਿਚ ਸੱਤਾਧਾਰੀ ਲੋਕ ਅੱਤਵਾਦ ਦੀ ਅੱਗ ਨੂੰ ਆਪਣੀ ਕ੍ਰੋਧ ਅਗਨੀ ਦੁਆਰਾ ਬੁਝਾ ਦੇਣ ਦੇ ਜਤਨ ਕਰ ਰਹੇ ਹਨ ਜਦ ਕਿ ਅੱਤਵਾਦ ਦਾ ਜਨਮ ਹੀ ਇਨ੍ਹਾਂ ਸੱਤਾਧਾਰੀਆਂ ਦੀਆਂ ਧੱਕੇਸ਼ਾਹੀਆਂ ਅਤੇ ਬੇਇਨਸਾਫੀਆਂ ਦੀ ਦੇਣ ਹੈ। ਰਾਜ ਸ਼ਕਤੀ ਦੇ ਡੰਡੇ ਨਾਲ ਸੰਸਾਰ ਵਿਚ ਅਮਨ ਕਾਇਮ ਹੋ ਜਾਵੇਗਾ- - ਅਜਿਹਾ ਸੋਚਣ ਵਾਲੇ ਮੂਰਖ ਹੀ ਮੰਨੇ ਜਾ ਸਕਦੇ ਹਨ।*

ਗੁਰਬਾਣੀ ਧੁਰ ਕੀ ਬਾਣੀ ਭਾਵ ਅੰਤਰ ਆਤਮਾ ਦੀ ਆਵਾਜ਼ ਹੈ। ਅੰਤਰ ਆਤਮਾ ਦੀ ਆਵਾਜ਼ ਹੱਕ ਸੱਚ ਦੀ ਆਵਾਜ਼ ਹੋਣ ਕਰਕੇ ਸੱਚ ਦੇ ਅਭਿਲਾਖੀਆਂ ਨੂੰ ਚੰਗੀ ਲੱਗਣ ਵਾਲੀ ਹੁੰਦੀ ਹੈ। ਅੰਤਰ ਆਤਮਾ ਵਿਚ ਪਰਮੇਸ਼ਰ ਦਾ ਨਿਵਾਸ ਹੋਣ ਕਰਕੇ ਹੀ ਗੁਰਬਾਣੀ ਨੂੰ ਪਰਮੇਸ਼ਰ ਦੀ ਬਾਣੀ ਜਾਂ ਸੱਚੀ ਬਾਣੀ ਆਖਿਆ ਜਾਂਦਾ ਹੈ। ਸੰਸਾਰ ਦੇ ਸਾਰੇ ਜੀਵ ਪਰਮੇਸ਼ਰ ਦੀ ਆਪਣੀ ਹੀ ਅੰਸ਼ ਹਨ। ਇਸ ਲਈ ਗੁਰਬਾਣੀ ਸੰਸਾਰ ਦੇ ਸਾਰੇ ਲੋਕਾਂ ਨੂੰ ਆਪਸ ਵਿਚ ਪ੍ਰੇਮ ਭਾਵਨਾ ਨਾਲ ਰਹਿਣ ਦੀ ਸਿਖਿਆ ਦਿੰਦੀ ਹੈ। ਜਿਵੇਂ ਇਕ ਬਾਪ ਆਪਣੀ ਔਲਾਦ ਨੂੰ ਲੜਦਾ-ਝਗੜਦਾ ਨਹੀਂ ਦੇਖਣਾ ਚਾਹੁੰਦਾ, ਇਵੇਂ ਹੀ ਪਰਮਪਿਤਾ ਪਰਮੇਸ਼ਰ ਸਾਰੇ ਜੀਵਾਂ ਨੂੰ ਪ੍ਰੇਮ ਭਾਵਨਾ ਨਾਲ ਵਸਦੇ-ਰਸਦੇ ਦੇਖਣਾ ਚਾਹੁੰਦਾ ਹੈ।

ਇਸ ਤੋਂ ਉਲਟ ਮਨੁੱਖੀ ਮਨ ਸੁਆਰਥੀ, ਲੋਭ, ਮੋਹ ਆਦਿ ਵਿਕਾਰਾਂ 'ਚ ਗ੍ਰਸਤ ਹੋਣ ਕਰਕੇ, ਆਪਣੇ ਅੰਤਰ ਆਤਮਾ ਦੀ ਆਵਾਜ਼ ਤੋਂ ਬਾਗੀ (ਆਕੀ) ਰਹਿੰਦੇ ਹਨ। ਇਸ ਲਈ ਸਾਡੇ, ਸਾਰਿਆਂ ਅੰਦਰ ਇਕ ਕਿਸਮ ਦਾ ਦ੍ਵੰਧ ਯੁੱਧ ਨਿਰੰਤਰ ਚੱਲਦਾ ਰਹਿੰਦਾ ਹੈ। ਲੋਭੀ ਮਨ ਪਰਾਇਆ ਹੱਕ ਖਾਣ, ਧੱਕੇਸ਼ਾਹੀ ਨਾਲ ਪਰਾਇਆ ਹੱਕ ਹਥਿਆਉਣ ਦੇ ਜਤਨਾਂ ਵਿਚ ਲੱਗਾ ਰਹਿੰਦਾ ਹੈ ਭਾਵੇਂ ਉਸ ਦੀ ਅੰਤਰ ਆਤਮਾ ਦੀ ਆਵਾਜ਼ ਇਹ ਨਾ ਭੀ ਚਾਹੁੰਦੀ ਹੋਵੇ। ਅੰਤਰ ਆਤਮੇ ਦੀ ਆਵਾਜ਼ ਨੂੰ ਹੀ ਗੁਰਬਾਣੀ ਅੰਦਰ ਸਤਿਗੁਰੂ ਦੀ ਆਵਾਜ਼ ਮੰਨਿਆ ਗਿਆ ਹੈ। ਕਹਿਣ ਤੋਂ ਭਾਵ ਇਹ ਹੈ ਕਿ ਜੀਵ ਆਤਮਾ ਨੂੰ ਇਸ ਭਵਸਾਗਰ ਤੋਂ ਪਾਰ ਕਰਨ ਲਈ ਇਸ ਦੇ ਅੰਦਰ ਹੀ ਪਰਮੇਸ਼ਰ ਨੇ ਆਪਣੀ ਆਵਾਜ਼ ਪ੍ਰਗਟ ਕਰ ਰੱਖੀ ਹੈ। ਜੇ ਮਨੁੱਖ ਆਪਣੇ ਅੰਤਰ-ਆਤਮੇ ਦੀ ਆਵਾਜ਼ ਅਨੁਸਾਰ ਆਪਣਾ ਸਾਰਾ ਜੀਵਨ ਬਤੀਤ ਕਰੇ, ਤਾਂ ਕੋਈ ਵਜ੍ਹਾ ਨਹੀਂ ਕਿ ਮਨੁੱਖ ਨੂੰ ਅਗਿਆਨਤਾ ਦੇ ਭਵਸਾਗਰ ਤੋਂ ਛੁਟਕਾਰਾ ਨਾ ਮਿਲ ਸਕੇ।

*ਸਚੁ ਖੋਜ ਅਕੈਡਮੀ, ਸਮਰਾਲਾ ਰੋਡ, ਖੰਨਾ। ਫੋਨ: ੦੧੬੨੮-੨੦੩੩੬੨

ਗੁਰਬਾਣੀ ਅੰਦਰ ਆਪਣੇ ਅੰਤਰ ਆਤਮੇ ਦੀ ਆਵਾਜ਼ ਨੂੰ ਦਬਾਉਣ ਵਾਲਿਆਂ ਨੂੰ ਭੈੜੇ ਆਦਮੀ ਆਖਿਆ ਗਿਆ ਹੈ ਜਿਵੇਂ ਕਿ ਹੇਠਾਂ ਦਿੱਤੀਆਂ ਪੰਕਤੀਆਂ ਤੋਂ ਪਤਾ ਲੱਗਦਾ ਹੈ:

*ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ॥*
*ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ॥*

(ਵਾਰ ਗਉੜੀ ੪, ਸਲੋਕ ਮ: ੩, ਪੰਨਾ ੩੧੪)

*ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ॥*
*ਹਰਿ ਜੀਉ ਤਿਨਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ॥*
*ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥*
*ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ॥*
*ਹਰਿ ਮੇਲਹੁ ਸਤਿਗੁਰ ਦਇਆ ਕਰਿ ਗੁਰ ਕਉ ਬਲਿਹਾਰੀ॥*

(ਵਾਰ ਸੋਰਠਿ ਮ: ੪, ਪੰਨਾ ੬੫੧)

ਉਪਰੋਕਤ ਪੰਕਤੀਆਂ ਤੋਂ ਸਪਸ਼ਟ ਹੈ ਕਿ ਜਿਨ੍ਹਾਂ ਨੇ ਗੁਰਬਾਣੀ ਰੂਪੀ ਅੰਤਰ ਆਤਮੇ ਦੀ ਆਵਾਜ਼ ਨੂੰ ਵਿਸਾਰ ਛੱਡਿਆ ਹੈ, ਉਹ ਲੋਕ ਅਤਿ ਬੁਰੇ ਹੁੰਦੇ ਹਨ। ਉਨ੍ਹਾਂ ਨੂੰ ਕਿਤੇ ਵੀ ਠਿਕਾਣਾ ਨਹੀਂ ਮਿਲ ਸਕਦਾ। ਸਤਿਗੁਰੂ ਜੀ ਆਖਦੇ ਹਨ ਕਿ ਅਜਿਹੇ ਵਿਅਕਤੀਆਂ ਦਾ ਦਰਸ਼ਨ ਨਹੀਂ ਕਰਨਾ ਚਾਹੀਦਾ, ਭਾਵੇਂ ਉਹ ਆਪਣੇ ਆਪ ਨੂੰ ਕਿੰਨੇ ਵੀ ਵੱਡੇ ਧਰਮੀ (ਮਹਾਂਪੁਰਸ਼) ਕਿਉਂ ਨਾ ਮੰਨਦੇ ਹੋਣ। ਉਹ ਤਾਂ ਸਗੋਂ ਪਾਪੀ ਅਪਰਾਧੀ ਹੁੰਦੇ ਹਨ। ਪਰਮੇਸ਼ਰ ਦੀ ਆਵਾਜ਼ ਨੂੰ ਸੁਣ ਕੇ ਅਣਗੌਲਿਆਂ ਕਰਨਾ ਸਭ ਤੋਂ ਵੱਡਾ ਅਪਰਾਧ ਹੈ। ਅਜਿਹੇ ਲੋਕ ਆਪਣਾ ਨੁਕਸਾਨ ਤਾਂ ਕਰਦੇ ਹੀ ਹਨ, ਉਹ ਤਾਂ ਦੂਜਿਆਂ ਨੂੰ ਵੀ ਲੈ ਡੁੱਬਦੇ ਹਨ। ਅਜਿਹੇ ਬਣਾਉਟੀ ਗੁਰੂ ਜਾਂ ਧਰਮ ਪ੍ਰਚਾਰਕ ਕੁਸੁਧ ਮਨ ਵਾਲੇ ਘਰ ਘਰ ਉਪਦੇਸ਼ ਦਿੰਦੇ ਫਿਰਦੇ ਰਹਿੰਦੇ ਹਨ।

ਗੁਰਬਾਣੀ ਵਿਚਲੀਆਂ ਇਨ੍ਹਾਂ ਸਤਰਾਂ ਤੋਂ ਗੁਰਸਿੱਖਾਂ ਨੂੰ ਸਬਕ ਲੈਣਾ ਚਾਹੀਦਾ ਸੀ। ਉਪਰੋਕਤ ਇਨ੍ਹਾਂ ਮਹਾਂਵਾਕਾਂ ਦੀ ਅਣਦੇਖੀ ਕਰਕੇ ਹੀ ਅੱਜ ਸਾਡਾ ਇਹ ਹਾਲ ਬਣਿਆ ਹੋਇਆ ਹੈ। ਹੁਣ ਭੀ ਅਸੀਂ ਸ਼ੋਰ ਜ਼ਿਆਦਾ ਮਚਾਉਂਦੇ ਹਾਂ ਅਤੇ ਆਪਣੇ ਮਸਲਿਆਂ ਦਾ ਹੱਲ ਗੁਰਬਾਣੀ ਕੋਲੋਂ ਘੱਟ ਪੁੱਛਦੇ ਹਾਂ। ਅਸੀਂ ਆਪਣੇ ਸਾਰੇ ਮਸਲਿਆਂ ਦਾ ਹੱਲ ਆਪ ਕਰਨ ਦੇ ਹੀ ਸਮਰੱਥ ਹੋਣ ਦੇ ਦਾਈਏ ਬੰਨ੍ਹਦੇ ਹਾਂ। ਗੁਰਬਾਣੀ— ਗੁਰੂ ਦੀ ਅਗਵਾਈ ਦੀ ਕੋਈ ਲੋੜ ਨਹੀਂ ਸਮਝਦੇ। ਗੁਰਬਾਣੀ ਦੇ ਦ੍ਰਿਸ਼ਟੀਕੋਣ ਤੋਂ ਅਗਰ ਦੇਖਿਆ ਜਾਵੇ ਤਾਂ ਸਾਡਾ ਆਪਣਾ ਕਿਰਦਾਰ ਗੁਰਬਾਣੀ ਦੇ ਹੁਕਮਾਂ ਦਾ ਵਿਰੋਧ ਕਰਦਾ ਸਾਫ ਨਜ਼ਰ ਆ ਰਿਹਾ ਹੈ। ਅਸੀਂ ਸਿੱਖ ਉਸ ਵਿਚਾਰਧਾਰਾ ਦੇ ਵਾਰਸ ਹਾਂ ਜਿਸ ਦੀ ਅਗਵਾਈ ਦੀ ਅੱਜ ਸਾਰੀ ਦੁਨੀਆਂ ਨੂੰ ਲੋੜ ਹੈ। ਸੰਸਾਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਗੁਰਬਾਣੀ ਅੰਦਰ ਮੌਜੂਦ ਹੈ। ਲੋੜ ਹੈ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ।

ਗੁਰਮਤਿ ਪ੍ਰਚਾਰ ਦੇ ਵਾਰਸਾਂ ਹੱਥੋਂ ਗੁਰਮਤਿ ਦੇ ਪ੍ਰਸਾਰ ਨੂੰ ਜਿੰਨੀ ਢਾਹ ਲੱਗੀ ਹੈ ਉਤਨੀ ਤਾਂ ਇਸ ਦੇ ਵਿਰੋਧੀ ਕੋਲੋਂ ਵੀ ਨਹੀਂ ਲੱਗ ਸਕੀ। ਉਂਜ ਵੀ ਹਰੇਕ ਮੱਤ ਨੂੰ ਫੈਲ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਉਸ ਮੱਤ ਨੂੰ ਮੰਨਣ ਵਾਲਿਆਂ ਸਿਰ ਹੁੰਦੀ ਹੈ। ਗੁਰਮਤਿ ਸਾਨੂੰ 'ਮਾਨਸ ਕੀ ਜਾਤਿ ਸਭੈ ਏਕੈ ਪਹਚਾਨਬੋ' ਜਾਂ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦਾ ਪਾਠ ਪੜ੍ਹਾਉਂਦੀ ਹੈ।

ਸਿੱਖ ਮੱਤ ਇਕ ਨਿਆਰੀ ਮੱਤ ਹੈ। ਇਹ ਗੱਲ ਤਾਂ ਮੰਨਣ ਯੋਗ ਹੈ। ਪਰ ਇਕੋ ਪਿਤਾ ਦੇ ਪੁੱਤਰ ਹੋਣ ਦੇ ਨਾਤੇ ਸਿੱਖ ਜੇ ਕੋਈ ਵੱਖਰੀ ਕੌਮ ਹੈ ਤਾਂ ਉਹ ਕੇਵਲ ਇਸ ਕਰਕੇ ਹੈ ਕਿ ਉਹ ਸੰਸਾਰ ਵਿਚ ਕੋਈ ਦੂਸਰੀ ਕੌਮ ਮੰਨਦੀ ਹੀ ਨਹੀਂ। ਕੇਵਲ ਪਰਮੇਸ਼ਰ ਨੂੰ ਪਿਤਾ ਮੰਨ ਕੇ ਬਾਕੀ ਸਾਰੀ ਜਨਤਾ ਨੂੰ ਉਸੇ ਦੀ ਇਕ ਔਲਾਦ (ਇਕ ਕੌਮ) ਹੀ ਮੰਨਦੀ ਹੈ। ਗੁਰਮਤਿ ਤਾਂ ਪਾਟੇ ਹੋਇਆਂ ਨੂੰ ਜੋੜਦੀ ਹੈ। ਪਹਿਲੀਆਂ ਪੈ ਚੁਕੀਆਂ ਕੌਮਾਂ ਦੀਆਂ ਵੱਟਾਂ ਨੂੰ ਮਿਟਾਉਂਦੀ ਹੈ, ਨਵੀਆਂ ਵੱਟਾਂ ਬਣਾਉਂਦੀ ਨਹੀਂ। ਸਿੱਖੀ ਵਿਸ਼ਵ ਏਕਤਾ ਦੀ ਝੰਡਾਬਰਦਾਰ ਹੈ।

ਸੰਸਾਰ ਅੰਦਰ ਬਹੁਤ ਸਾਰੇ ਮੱਤ ਪ੍ਰਚੱਲਤ ਹਨ। ਸਾਰੇ ਮੱਤ ਹੀ ਇਨਸਾਨ ਨੂੰ ਚੰਗਾ ਬਣਨ ਲਈ ਪ੍ਰੇਰਦੇ ਹਨ ਅਤੇ ਨਾਲ ਦੀ ਨਾਲ ਨਿਰਾਕਾਰ ਪਰਮੇਸ਼ਰ ਦਾ ਗਿਆਨ ਵੀ ਕਰਾਉਂਦੇ ਹਨ। ਜਿਥੋਂ ਤਕ ਗੱਲ ਸਦਾਚਾਰੀ ਬਣਨ ਦੀ ਸਿਖਿਆ ਦੀ ਹੈ ਉਥੋਂ ਤਕ ਸਾਰੇ ਹੀ ਮੱਤਾਂ ਅੰਦਰ ਬਹੁਤ ਕੁਝ ਸਾਂਝਾ ਹੈ। ਪਰ ਜਿਥੇ ਗੱਲ ਕੇਵਲ ਨਿਰਾਕਾਰ ਦੇ ਗਿਆਨ ਕਰਾਉਣ ਦੀ ਆ ਜਾਂਦੀ ਹੈ, ਉਥੇ ਗੁਰਮਤਿ ਤੋਂ ਬਿਨਾਂ ਬਾਕੀ ਕੋਈ ਭੀ ਮੱਤ ਸਪਸ਼ਟ ਸੋਝੀ ਨਹੀਂ ਕਰਵਾ ਰਿਹਾ। ਇਸੇ ਲਈ ਗੁਰਬਾਣੀ ਉਨ੍ਹਾਂ ਮੱਤਾਂ ਨੂੰ ਨਿਰਾਕਾਰ ਦੀ ਸੋਝੀ ਬਾਰੇ ਗਿਆਨ ਕਰਾ ਰਹੀ ਹੈ। ਗੁਰਮਤਿ ਬੁਰੇ ਦੇ ਵਿਰੁੱਧ ਨਹੀਂ, ਇਹ ਤਾਂ ਬੁਰਾਈ ਦੇ ਵਿਰੁੱਧ ਹੈ। ਬੁਰੇ ਤੋਂ ਬੁਰਾਈ ਛੁਡਵਾ ਕੇ ਉਸ ਦਾ ਭਲਾ ਕਰਨਾ ਹੀ ਗੁਰਮਤਿ ਦਾ ਮੰਤਵ ਹੈ। ਇਸੇ ਲਈ ਸ਼ੇਖ ਫਰੀਦ ਜੀ ਆਖ ਰਹੇ ਹਨ:

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥੭੮॥*

*(ਸਲੋਕ ਸੇਖ ਫਰੀਦ ਜੀ, ਪੰਨਾ ੧੩੮੨)*

ਬੁਰੇ ਦਾ ਭਲਾ ਕਰਨਾ ਮਨੁੱਖੀ ਮਨ ਦੇ ਸੁਭਾਅ ਤੋਂ ਉਲਟ ਗੱਲ ਹੈ। ਮਨ ਨੂੰ ਮਾਰ ਕੇ ਹੀ ਬੁਰੇ ਦਾ ਭਲਾ ਕੀਤਾ ਜਾ ਸਕਦਾ ਹੈ। ਮਨ ਨੂੰ ਜਿੱਤਣਾ (ਮਾਰਨਾ) ਹੀ ਗੁਰਸਿੱਖ ਦਾ ਲਕਸ਼ ਹੈ। ਸੰਸਾਰ ਦੀਆਂ ਬਾਕੀ ਮੱਤਾਂ ਆਪਣੇ ਅਨੁਆਈਆਂ ਦੀ ਗਿਣਤੀ ਵਧਾ ਕੇ ਸੰਸਾਰ ਅੰਦਰ ਰਾਜ ਪ੍ਰਬੰਧ ਆਪਣੇ ਕਬਜ਼ੇ ਵਿਚ ਕਰਕੇ ਸੰਸਾਰ ਨੂੰ ਆਪਣੀ ਮੱਤ ਦੇ ਪੈਰੋਕਾਰ ਬਣਾਉਣ ਦੇ ਜਤਨ ਕਰਦੀਆਂ ਆਈਆਂ ਹਨ। ਰਾਜ ਪ੍ਰਬੰਧ ਦੀ ਸ਼ਕਤੀ ਨਾਲ ਜਨਤਾ ਦੇ ਦਿਮਾਗ 'ਤੇ ਤਾਂ ਰਾਜ ਕੀਤਾ ਜਾ ਸਕਦਾ ਹੈ ਪਰ ਜਨਤਾ ਦਾ ਦਿਲ ਨਹੀਂ ਜਿੱਤਿਆ ਜਾ ਸਕਦਾ। ਦੂਜਿਆਂ ਦਾ ਮਨ (ਦਿਲ) ਜਿੱਤਣ ਲਈ ਪਹਿਲਾਂ ਆਪਣਾ ਮਨ (ਦਿਲ) ਜਿੱਤਣਾ ਲਾਜ਼ਮੀ ਹੈ। ਇਸ ਲਈ ਗੁਰਮਤਿ ਨੇ 'ਮਨਿ ਜੀਤੈ ਜਗੁ ਜੀਤੁ' ਕਹਿ ਕੇ ਸੰਸਾਰੀ ਮੱਤਾਂ ਦੁਆਰਾ ਸੰਸਾਰ ਜਿੱਤਣ ਦੇ ਖਿਆਲ ਨੂੰ ਹੀ ਬਦਲ ਦਿੱਤਾ ਹੈ। ਗੁਰਮਤਿ ਨੇ ਤਾਂ ਬੁਰੇ ਦਾ ਭਲਾ ਕਰਨਾ ਹੈ। ਬੁਰੇ ਦਾ ਭਲਾ ਕਰਨ ਲਈ ਬੁਰੇ ਨਾਲ ਪ੍ਰੇਮ ਭਾਵਨਾ ਨਾਲ ਪੇਸ਼ ਆਉਣ ਦੀ ਲੋੜ ਹੈ, ਰਾਜ ਸ਼ਕਤੀ ਦੇ ਡੰਡੇ ਨਾਲ ਨਹੀਂ। ਸੰਸਾਰ ਵਿਚ ਸਖ਼ਤੀ ਨਾਲ ਬੁਰਾਈ ਨੂੰ ਸੁਧਾਰਨ ਹਿਤ ਸਰਕਾਰਾਂ ਨੇ ਪੁਲੀਸ ਰੱਖੀ ਹੋਈ ਹੈ ਅਤੇ ਜੇਲ੍ਹਾਂ ਵੀ ਬਣਾ ਰੱਖੀਆਂ ਹਨ। ਪਰ ਬੁਰਾਈ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ। ਸੱਤਾ ਵਿਚ ਬੈਠੇ ਲੋਕ ਵੀ ਜੇ ਆਪ ਬੁਰੇ ਹੀ ਹੋਣ ਤਾਂ ਫਿਰ ਬੁਰਾਈ ਦਾ ਪ੍ਰਫੁਲਤ ਹੋਣਾ ਤਾਂ ਲਾਜ਼ਮੀ ਹੈ।

ਅੱਜ ਸੰਸਾਰ ਅੰਦਰ ਅੱਤਵਾਦ ਜਿਹੀਆਂ ਸਮੱਸਿਆਵਾਂ ਕੇਵਲ ਇਸ ਲਈ ਪੈਦਾ ਹੋ ਗਈਆਂ ਹਨ, ਕਿਉਂਕਿ ਸੰਸਾਰ ਵਿਚ ਸੱਤਾਧਾਰੀ ਲੋਕ ਅੱਤਵਾਦ ਦੀ ਅੱਗ ਨੂੰ ਆਪਣੀ ਕ੍ਰੋਧ ਅਗਨੀ ਦੁਆਰਾ ਬੁਝਾ ਦੇਣ ਦੇ ਜਤਨ ਕਰ ਰਹੇ ਹਨ ਜਦ ਕਿ ਅੱਤਵਾਦ ਦਾ ਜਨਮ ਹੀ ਇਨ੍ਹਾਂ ਸੱਤਾਧਾਰੀਆਂ ਦੀਆਂ ਧੱਕੇਸ਼ਾਹੀਆਂ ਅਤੇ ਬੇਇਨਸਾਫੀਆਂ ਦੀ ਦੇਣ ਹੈ। ਰਾਜ ਸ਼ਕਤੀ ਦੇ ਡੰਡੇ

ਨਾਲ ਸੰਸਾਰ ਵਿਚ ਅਮਨ ਕਾਇਮ ਹੋ ਜਾਵੇਗਾ-- ਅਜਿਹਾ ਸੋਚਣ ਵਾਲੇ ਮੂਰਖ ਹੀ ਮੰਨੇ ਜਾ ਸਕਦੇ ਹਨ। ਅੱਜ ਸਮਾਂ ਸਿੱਖਾਂ ਪਾਸੋਂ ਮੰਗ ਕਰਦਾ ਹੈ ਕਿ ਘੱਟੋ ਘੱਟ ਸਿੱਖ ਪਹਿਲਾਂ ਆਪ ਆਪਣੀ ਅੰਤਰ ਆਤਮਾ ਦੀ ਆਵਾਜ਼ ਅਨੁਸਾਰ ਆਪਣੇ ਆਲੇ-ਦੁਆਲੇ ਹਰ ਕਿਸੇ ਨਾਲ ਵਿਹਾਰ: 'ਹਮ ਨਹੀ ਚੰਗੇ ਬੁਰਾ ਨਹੀ ਕੋਇ' ਦੇ ਮੱਦੇ ਨਜ਼ਰ ਕਰਨ। ਗੁਰਮਤਿ ਦੇ ਹੁਕਮ ਅਨੁਸਾਰ ਦੂਜਿਆਂ ਦੇ ਔਗੁਣ ਤੱਕਣੇ ਬੰਦ ਕਰ ਦੇਣ। ਹਮੇਸ਼ਾਂ ਆਪਣੇ ਗਿਰੇਵਾਨ ਅੰਦਰ ਝਾਕ ਕੇ ਆਪਣੇ ਅੰਦਰਲੇ ਔਗੁਣਾਂ ਨੂੰ ਗੁਰਮਤਿ ਦੀ ਸਿਖਿਆ ਦੁਆਰਾ ਦੂਰ ਕਰਦੇ ਰਹਿਣ, ਕਿਉਂਕਿ ਗੁਰਮਤਿ ਵਿਚਾਰਧਾਰਾ ਦੇ ਵਾਰਸ ਗੁਰਸਿੱਖ ਹਨ, ਇਸ ਲਈ ਗੁਰਸਿੱਖਾਂ ਉੱਪਰ ਇਹ ਜ਼ੁੰਮੇਵਾਰੀ ਹੈ ਕਿ ਉਹ ਆਪ ਰੋਲ ਮਾਡਲ ਬਣ ਕੇ ਸੰਸਾਰ ਨੂੰ ਅਗਵਾਈ ਦੇਣ, ਆਪਣਾ ਜੀਵਨ ਗੁਰਮਤਿ ਅਨੁਸਾਰ ਬਣਾਉਣ। ਸਿੱਖਾਂ ਨੂੰ ਦੇਖ ਕੇ ਹੀ ਬਾਕੀ ਸਾਰਾ ਸੰਸਾਰ ਇਸ ਵਿਚਾਰਧਾਰਾ ਨੂੰ ਅਪਣਾ ਸਕਦਾ ਹੈ।

ਅੱਜ ਸਿੱਖਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੇਵਲ ਗੁਰਮਤਿ ਵਿਚਾਰਧਾਰਾ ਨੂੰ ਅਪਣਾਉਣ ਨਾਲ ਹੀ ਹੋ ਸਕਦਾ ਹੈ। ਸਾਡੇ ਅੰਦਰੋਂ ਈਰਖਾ, ਦਵੈਸ਼, ਹਉਮੈ, ਲੋਭ ਆਦਿ ਔਗੁਣ ਜਿਹੜੇ ਕਿ ਸਾਨੂੰ ਸਿੱਖਾਂ ਨੂੰ ਤਕਰੀਬਨ ਢਾਈ ਸੌ ਸਾਲਾਂ ਤੋਂ ਕੁਰਾਹੇ ਪਾ ਕੇ ਖੱਜਲ-ਖੁਆਰ ਕਰਦੇ ਆ ਰਹੇ ਹਨ, ਨਸ਼ਟ ਹੋ ਸਕਦੇ ਹਨ। ਗੁਰੂ ਨਾਲ ਸਿੱਖ ਦਾ ਤਾਲ-ਮੇਲ ਜੋ ਅੱਜ ਵਿਗੜ ਚੁਕਾ ਦਿਖਾਈ ਦੇ ਰਿਹਾ ਹੈ, ਉਸ ਦਾ ਮੂਲ ਕਾਰਨ ਹੀ ਇਹ ਹੈ ਕਿ ਅਸੀਂ (ਗੁਰੂ ਕੀ ਮੱਤ) ਆਪਣੇ ਅੰਤਰ ਆਤਮਾ ਦੀ ਆਵਾਜ਼ ਨੂੰ ਵਿਸਾਰਿਆ ਹੋਇਆ ਹੈ। ਇਹੀ ਕਾਰਨ ਹੈ ਕਿ ਅੱਜ ਪ੍ਰੇਮਾ ਭਗਤੀ ਗੁਰਮਤਿ ਵਿਚਾਰਧਾਰਾ ਦੇ ਧਾਰਨੀ ਸਿੱਖਾਂ ਵਿਚੋਂ ਪ੍ਰੇਮ ਭਾਵਨਾ ਦੀ ਝਲਕ ਕਿਧਰੇ ਵੀ ਦਿਖਾਈ ਨਹੀਂ ਦੇ ਰਹੀ। ਕਈ ਪ੍ਰਕਾਰ ਦੀ ਵਿਆਖਿਆ ਭੀ ਅੱਜ ਸਿੱਖਾਂ ਵਿਚ ਫੁੱਟ ਦਾ ਕਾਰਨ ਬਣ ਰਹੀ ਹੈ। ਭਾਵੇਂ ਗੁਰਬਾਣੀ ਪੂਰਨ ਗੁਰੂ ਦਾ ਦਰਜਾ ਰੱਖਣ ਕਰਕੇ ਕਿਸੇ ਪੰਕਤੀ ਦੇ ਗ਼ਲਤ ਜਾਂ ਠੀਕ ਅਰਥਾਂ ਨੂੰ ਸਹੀ ਅਤੇ ਗ਼ਲਤ ਦੱਸਣ ਵਿਚ ਸਮਰੱਥ ਹੈ। ਪਰ ਤਥਾ ਕਥਿਤ ਵਿਦਵਾਨ ਲੋਕ ਅੱਖਰੀ ਗਿਆਨ ਵਿਚ ਉਲਝੇ ਹੋਣ ਕਰਕੇ ਗੁਰਬਾਣੀ ਦੇ ਭਾਵ ਅਰਥਾਂ ਤੋਂ ਵਾਂਝੇ ਹਨ। ਇਸ ਵਿਸ਼ੇ ਲਈ ਸਾਰੇ ਵਿਦਵਾਨਾਂ ਨੂੰ ਗੁਰਬਾਣੀ ਦੇ ਅਰਥਾਂ ਦੀ ਪ੍ਰਮਾਣਕਿਤਾ ਗੁਰਬਾਣੀ ਤੋਂ ਹੀ ਕਰਵਾਉਣ ਵੱਲ ਆਪਣਾ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ ਕਿਉਂਕਿ ਗੁਰਮਤਿ ਦੀ ਗ਼ਲਤ ਵਿਆਖਿਆ ਕਾਰਨ ਗੁਰਸਿੱਖ ਗੁਰਮਤਿ ਮਾਰਗ ਤੋਂ ਦੂਰ ਹੋ ਜਾਂਦਾ ਹੈ।

ਅੱਜ ਸਾਰੇ ਸੰਸਾਰ ਦਾ ਅਮਨ ਕੇਵਲ ਇਸ ਲਈ ਖ਼ਤਰੇ ਵਿਚ ਪੈ ਚੁਕਾ ਹੈ, ਕਿਉਂਕਿ ਸੰਸਾਰ ਦਾ ਹਰ ਆਦਮੀ ਆਪਣੀ ਮਨ ਮਰਜ਼ੀ ਕਰ ਰਿਹਾ ਹੈ। ਹਰ ਕੋਈ ਆਪਣੇ ਵਿਚਾਰਾਂ ਨੂੰ ਦੂਜਿਆਂ ਉੱਪਰ ਥੋਪਣਾ ਚਾਹੁੰਦਾ ਹੈ। ਹਰ ਕਿਸੇ ਦੀ ਸੋਚ ਆਪਣੀ ਆਪਣੀ ਹੋਣ ਕਰਕੇ ਵਿਚਾਰਾਂ ਵਿਚ ਭਿੰਨਤਾ ਰਹਿੰਦੀ ਹੈ। ਸਿੱਟੇ ਵਜੋਂ ਮਨੁੱਖੀ ਮਨ ਦੀ ਸੋਚ ਇਕ ਦੂਜੇ ਨਾਲ ਟਕਰਾਉਂਦੀ ਰਹਿੰਦੀ ਹੈ ਜਦ ਕਿ ਅੰਤਰ ਆਤਮਾ ਦੀ ਆਵਾਜ਼ ਸਭ ਦੇ ਅੰਦਰ ਇਕ ਹੀ ਪ੍ਰਕਾਰ ਦੀ ਹੈ। ਇਸ ਦਾ ਕਿਸੇ ਦੂਸਰੇ ਨਾਲ ਟਕਰਾਅ ਜਾਂ ਇਖ਼ਤਲਾਫ ਹੋਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਗੁਰਬਾਣੀ ਨੂੰ ਭੀ ਸਾਰੇ ਸੰਸਾਰ ਨੇ ਇਸੇ ਲਈ ਸਵੀਕਾਰ ਕਰ ਲਿਆ ਹੈ, ਕਿਉਂਕਿ ਇਹ ਸਰਬਪ੍ਰਵਾਨਿਤ ਵਿਚਾਰਧਾਰਾ ਸਭ ਦੀ ਅੰਤਰ ਆਤਮਾ ਦੀ ਆਵਾਜ਼ ਹੈ। ਮਨੁੱਖੀ ਮਨ ਔਗੁਣਾਂ ਕਰਕੇ ਇਸ ਆਵਾਜ਼ ਨੂੰ ਨਹੀਂ ਮੰਨਦਾ ਜਾਂ ਫਿਰ ਇਸ ਦੀ ਭਾਵਨਾ ਨੂੰ ਆਪਣੀ ਮਰਜ਼ੀ ਅਨੁਸਾਰ ਤੋੜ-ਮਰੋੜ ਲੈਂਦਾ ਹੈ।

(ਬਾਕੀ ਪੰਨਾ ੯੭ 'ਤੇ)